# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times — 23 ਦਸੰਬਰ 2023 ਦਿਨ ਸ਼ਨੀਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗੋਲਡ ਮੈਡਲਿਸਟ ਢਾਡੀ ਗਿਆਨੀ ਭੁਪਿੰਦਰ ਸਿੰਘ ਪਾਰਸਮਣੀ ਦਾ ਜੱਥਾ ਆਪਣੀ ਪਹਿਲੀ ਯੂਰਪ ਫੇਰੀ ਦੌਰਾਨ ਇਟਲੀ ਦੀ ਸਿੱਖ ਸੰਗਤ ਨੂੰ ਸਾਹਿਬਜਾਦਿਆਂ ਦੀਆਂ ਲਾਸਾਨੀ ਕੁਰਬਾਨੀਆਂ ਦਾ ਇਤਿਹਾਸ ਕਰਵਾ ਰਿਹਾ ਸਰਵਣ

ਮਿਲਾਨ, 23 ਦਸੰਬਰ : ਇਹ ਗੱਲ 100% ਸੱਚ ਹੈ ਕਿ ਗੁਰੂ ਨਾਨਕ ਦੇ ਘਰ ਦੀ ਸੇਵਾ ਉਹੀ ਸਿੱਖ ਕਰ ਸਕਦਾ ਜਿਸ ਤੋਂ ਬਾਬਾ ਨਾਨਕ ਜੀ ਆਪ ਕਰਵਾਉਣੀ ਚਾਹੁੰਦੇ ਹਨ,ਨਹੀਂ ਤਾਂ ਦੁਨੀਆਂ ਗੁਣੀ ਗਿਆਨੀਆਂ ਨਾਲ ਖਚਾ ਖਚ ਭਰੀ ਪਈ ਹੈ।ਅੱਜ ਅਸੀਂ ਆਪਣੇ ਪਾਠਕਾਂ ਨੂੰ ਅਜਿਹੀ ਹੀ ਪੰਥਕ ਸਖ਼ਸੀਅਤ ਨਾਲ ਮਿਲਾਣ ਜਾ ਰਹੇ ਜਿਹਨਾਂ ਕਿ 5 ਸਾਲ ਸਿੱਖ ਧਰਮ ਦੇ ਮਹਾਨ ਇਤਿਹਾਸਕ ਧਾਰਮਿਕ ਅਸਥਾਨ ਸੱਚ ਖੰਡ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਹਰਿਮੰਦਿਰ ਸਾਹਿਬ ਸ਼੍ਰੀ ਅੰਮ੍ਰਿਤਸਰ ਵਿਖੇ ਬਤੌਰ ਹਜੂਰੀ ਰਾਗੀ ਸੇਵਾ ਨਿਭਾਉਣ ਤੋਂ ਬਆਦ 6ਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਦੇ ਥਾਪੜੇ ਨਾਲ ਹੋਂਦ ਵਿੱਚ ਆਈ ਢਾਡੀ ਕਲਾ ਦੇ ਨਾਲ ਭਰਪੂਰ ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਤੇ ਲੇਖਕ ਪ੍ਰੋ ਗਿਆਨੀ ਭੁਪਿੰਦਰ ਸਿੰਘ ਪ੍ਰੀਤ ਪਾਰਸਮਣੀ ਦੇ ਜੱਥੇ ਨਾਲ ਜਿਹਨਾਂ ਵਿੱਚ ਸਾਥੀ ਇੰਟਰਨੈਸ਼ਨਲ ਗੋਲਡ ਮੈਡਲਿਸਟ ਸਚਖੰਡ ਵਾਸੀ ਗਿਆਨੀ ਗੁਰਮੁੱਖ ਸਿੰਘ ਜੀ ਵਲਟੋਹਾ ਦੇ ਸਪੁੱਤਰ ਭਾਈ ਬਿਕਰਮਜੀਤ ਸਿੰਘ ਢਾਡੀ, ਤੇ ਵਲਟੋਹਾ ਸਾਹਿਬ ਜੀ ਦੇ ਸਾਥੀ ਤੇ ਭਰਾਤਾ ਢਾਡੀ ਭਾਈ ਗੁਰਚਰਨ ਸਿੰਘ ਚੰਨ ਵਲਟੋਹਾ ਦੇ ਸਪੁੱਤਰ ਭਾਈ ਸੁਖਦੇਵ ਸਿੰਘ ਢਾਡੀ ਅਤੇ ਸਾਰੰਗੀ ਮਾਸਟਰ ਸੰਦੀਪ ਸਿੰਘ ਕਸੇਲ ਹੁਰੀ ਜਥੇ ਵਿੱਚ ਸੇਵਾ ਨਿਭਾ ਰਹੇ ਹਨ।ਇਹ ਜੱਥਾ ਪਹਿਲਾਂ ਕਨੈਡਾ ,ਇੰਗਲੈਂਡ ਤੇ ਜਰਮਨ ਆਦਿ ਦੇਸ਼ਾਂ ਦੀਆਂ ਸਿੱਖ ਸੰਗਤਾਂ ਨੂੰ



ਆਪਣੀ ਬੁਲੰਦ ਤੇ ਦਮਦਾਰ ਆਵਾਜ ਵਿੱਚ ਲਾਸਾਨੀ ਸਿੱਖ ਇਤਿਹਾਸ ਸਰਵਣ ਕਰਵਾ ਚੁੱਕਾ ਹੈ ,ਤੇ ਹੁਣ ਅੱਜ-ਕਲ੍ਹ ਆਪਣੀ ਪਹਿਲੀ ਇਟਲੀ ਫੇਰੀ ਤੇ ਆਏ ਹੋਏ ਹਨ ਜਿਸ ਵਿੱਚ ਇਹ ਜੱਥਾ ਪੋਹ ਦੇ ਮਹੀਨੇ ਹੋਏ ਸਿੱਖ ਧਰਮ ਦੇ ਸਮੂਹ ਸ਼ਹੀਦਾਂ ਦਾ ਇਤਿਹਾਸ ਢਾਡੀ ਵਾਰਾਂ ਦੁਆਰਾ ਗੁਰਦੁਆਰਾ ਸਾਹਿਬ ਵਿੱਚ ਸੰਗਤਾਂ ਨੂੰ ਸਰਵਣ ਕਰਵਾ ਰਿਹਾ ਹੈ । ਪ੍ਰੋਫੈਸਰ ਭੁਪਿੰਦਰ ਸਿੰਘ ਪ੍ਰੀਤ ਪਾਰਸਮਣੀ ਕਈ ਵਾਰ ਕੀਨੀਆ, ਸਾਊਥ ਅਫਰੀਕਾ, ਥਾਈਲੈਂਡ, ਮਲੇਸ਼ੀਆ ਦੇਸ਼ਾਂ ਵਿੱਚ ਸਿੱਖੀ ਪ੍ਰਚਾਰ ਦੀ ਸੇਵਾ ਵੀ ਨਿਭਾ ਚੁੱਕੇ ਹਨ।ਪਿਤਾ ਸ੍ਰ ਜੋਗਿੰਦਰ ਸਿੰਘ ਸੰਧੂ ਮਾਤਾ ਰਾਣੀ ਰੂਪ ਕੌਰ ਦੇ ਲਾਡਲੇ ਭੁਝੰਗੀ ਭੁਪਿੰਦਰ ਸਿੰਘ ਨੇ ਸੱਤ ਸਾਲ ਦੀ ਉਮਰ ਵਿੱਚ ਅੰਮ੍ਰਿਤ ਪਾਨ ਕਰ ਬਚਪਨ ਤੋਂ ਹੀ ਗੁਰੂ ਨਾਨਕ ਸਾਹਿਬ ਦੇ ਘਰ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਸੀ।ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨਾਲ ਆਪਣੇ ਵਿਚਾਰ ਸਾਝੇ ਕਰਦਿਆਂ ਗੋਲਡ ਮੈਡਲਿਸਟ ਢਾਡੀ ਗਿਆਨੀ ਭੁਪਿੰਦਰ ਸਿੰਘ ਪਾਰਸਮਣੀ ਨੇ ਦੱਸਿਆ ਕਿ ਉਹ ਬਤੌਰ ਜਥੇਦਾਰ ਰਾਗੀ ਵਜੋਂ 1997 ਤੋਂ 2003 ਤੱਕ ਹਜ਼ੂਰੀ ਰਾਗੀ ਵਜੋਂ ਸ਼੍ਰੀ ਹਰਿਮੰਦਿਰ ਸਾਹਿਬ ਸ਼੍ਰੀ ਅੰਮ੍ਰਿਤਸਰ ਸੇਵਾ ਨਿਭਾਅ ਚੁੱਕੇ ਹਨ।ਉਹਨਾਂ ਦੀਆਂ ਕੀਰਤਨ ਦੀਆਂ ਟੇਪ ਕੈਸਿਟਾਂ (ਫੀਤੇ ਵਾਲੀਆਂ ਰੀਲਾਂ) 13 ਤੋਂ ਵੱਧ ਰਿਲਿਜ ਹੋਈਆਂ ਕੁੱਝ ਮਲਟੀ ਵੀ ਆਈਆਂ।ਪਰਿਵਾਰਿਕ ਜਿੰਮੇਵਾਰੀਆਂ ਤੇ ਕੁੱਝ ਹੋਰ ਝਮੇਲਿਆਂ ਕਾਰਨ ਸ਼੍ਰੀ ਹਰਮਿੰਦਰ ਸਾਹਿਬ ਜੀ ਦੀ ਸੇਵਾ ਛੱਡਣੀ ਪਈ ,ਫਿਰ ਪ੍ਰਾਈਵੇਟ ਸਿੱਖ ਸਟੇਜਾਂ ਤੇ ਕੀਰਤਨ ਕਰਦੇ ਰਹੇ 2007 ਨੂੰ ਰਾਜਸਥਾਨ ਜੈਪੁਰ ਵਿੱਚ ਰਾਜਾ ਪਾਰਕ ਦੀ ਸਟੇਜ ਤੇ ਕੀਰਤਨ ਕਰਦਿਆਂ , ਕੀਨੀਆ ਚਲਾ ਗਿਆ ਅਤੇ ਡਾਈ ਕੁ ਸਾਲ ਆਣ ਜਾਣ ਹੋਇਆ, ਫਿਰ ਥਾਈਲੈਂਡ ਫਿਰ ਮਲੇਸ਼ੀਆ ਫਿਰ ਥਾਈਲੈਂਡ, ਡੁਬਈ, ਸਾਊਥ ਅਫਰੀਕਾ 2012 ਤੱਕ ਦੇਸ਼ ਵਿਦੇਸ਼ ਵਿੱਚ ਸਿੱਖੀ ਪ੍ਰਚਾਰ ਲਈ ਵਿਚਰਦੇ ਰਹੇ। ਢਾਡੀ ਕਲਾ ਦੇ ਬੇਤਾਜ ਬਾਦਸ਼ਾਹ ਗਿਆਨੀ ਪ੍ਰਸ਼ੋਤਮ ਸਿੰਘ ਪਾਰਸ ਸਾਹਿਬ ਨੂੰ ਉਸਤਾਦ ਧਾਰਨ ਕੀਤਾ, ਅਤੇ ਉਨ੍ਹਾਂ ਨੇ ਭੁਪਿੰਦਰ ਸਿੰਘ ਨੂੰ ਪਾਰਸਮਣੀ ਤਖੱਲਸ ਨਾਲ ਨਿਵਾਜਿਆ। ਪਹਿਲੀ ਵਾਰ ਬਤੌਰ ਏ ਢਾਡੀ ਜਥਾ ਕਨੇਡਾ ਵਿੱਚ ਜੱਥਾ 2019 ਨੂੰ ਗਿਆ ,2022 ਤਿੰਨ ਮਹੀਨੇ ਡੁਬਈ ਫਿਰ 2023 ਨੂੰ ਇੰਗਲੈਂਡ ਤੇ ਹੁਣ ਯੂਰਪ ਫੇਰੀ ਤੇ ਆਏ ਹਨ। ਸ਼੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਹਜੁਰੀ ਢਾਡੀ ਵਜੋਂ 2013 ਤੋਂ ਲਗਾਤਾਰ ਸੇਵਾ ਜਾਰੀ ਹੈ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਸ਼੍ਰੋਮਣੀ ਢਾਡੀ ਸਭਾ ਦਾ ਸੀਨੀਅਰ ਮੀਤ ਪ੍ਰਧਾਨ ਵਜੋਂ ਵੀ ਪੰਥਕ ਕਾਰਜਾਂ ਲਈ ਸੇਵਾਵਾਂ ਕਰ ਰਹੇ। ਕਲਮ ਦੀ ਦਾਤ ਬਖਸ਼ਿਸ਼ ਹੋਈ ਤੇ ਹੁਣ ਤੱਕ ਲਗਭਗ ਡੇਢ ਸੌ ਪ੍ਰਸੰਗ ਲਿਖੇ ਗਏ ਹਨ ਪਹਿਲੀ ਕਿਤਾਬ ,,,,, ਨਜਰਾਨੇ ਪਾਰਸਮਣੀ, 2019 ਵਿੱਚ ਰਿਲੀਜ ਹੋਈ ਸੀ, ਚੰਗਾ ਮਾਣ ਮਿਲਿਆ ਹੁਣ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਜੀਵਨ ਤੇ ਲਿਖੀ ਗਈ ਪੁਸਤਕ ਸ਼੍ਰੀ ਗੁਰ ਸਫਰ ਪ੍ਰਕਾਸ਼,, ਢਾਡੀ ਕਲਾ ਦੀ ਦੁਨੀਆਂ ਵਿੱਚ ਪਹਿਲਾ ਕਾਰਜ ਹੈ,, ਆਉਣ ਵਾਲੀਆਂ ਚਾਲੀ ਕਿਤਾਬਾਂ ਹਨ ਜੋ ਸਮੇ ਸਮੇ ਰਿਲੀਜ ਹੋਣਗੀਆਂ,,ਬੇਅੰਤ ਸਨਮਾਨ ਚਿੰਨ੍ਹ ਭੇਂਟ ਹੋਏ ਹਨ ਪਹਿਲਾ ਗੋਲਡ ਮੈਡਲ ਰਾਜਸਥਾਨ ਵਿੱਚ ਸਰਬ ਧਰਮ ਸੰਮੇਲਨ ਦੌਰਾਨ ਜੈਪੁਰ ਵਿੱਚ ਮਿਲਿਆ ਦੂਜਾ ਕੀਨੀਆ ਵਿੱਚ ਸਿੱਖ ਧਰਮ ਵੱਲੋਂ ਨੈਰੋਬੀ ਵਿੱਚ ਦਾਸ ਨੂੰ ਸਰਬ ਧਰਮ ਵਿਚਾਰ ਪੇਸ਼ ਪ੍ਰੋਗਰਾਮ ਵਿੱਚ ਭੇਜਿਆ ਗਿਆ ਤੇ ਮੈਡਲ ਸਨਮਾਨ ਪ੍ਰਾਪਤ ਹੋਇਆ। ਲਿਖਾਰੀ ਹੋਣ ਦਾ ਮਾਣ ਉਸ ਵਕਤ ਵਧਿਆ ਜਦੋਂ ਬਾਬਾ ਦਰਸ਼ਨ ਸਿੰਘ ਫਿਰੋਜ਼ਪੁਰ ਵਾਲਿਆਂ ਵੱਲੋਂ ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਜੋੜ ਮੇਲੇ ਤੇ 7-10-2023_ਨੂੰ ਸੋਨੇ ਦਾ ਪੈਨ ਦੇ ਕੇ ਨਿਵਾਜਿਆ ਗਿਆ। ਖਾਪੜ ਖੇੜੀ ਵੱਲੋਂ ਗੋਲਡ ਚੈਨ ਤੇ ਖੰਡਾ ਸਨਮਾਨਿਤ ਕੀਤਾ ਗਿਆ ਭਾਟ ਸਿੱਖ ਸੰਗਤ ਇੰਗਲੈਂਡ ਸਰਦਾਰ ਜਸਵੰਤ ਸਿੰਘ ਜੀ ਹੋਰਾਂ ਨੇ ਦੋ ਵਾਰ ਉਚੇਚਾ ਸਨਮਾਨ ਦਿੱਤਾ ਤੇ ਨਾਲ ਹੀ ਸੀਲਡਾਂ ਤੇ ਕਿਰਪਾਨਾਂ ਦੇ ਸਨਮਾਨ ਵਾਧੂ ਗੁਰਸੰਗਤਾਂ ਨੇ ਝੋਲੀ ਪਾਏ।ਇਟਲੀ ਫੇਰੀ ਦੌਰਾਨ ਵੀ ਸਿੱਖ ਸੰਗਤ ਵੱਲੋਂ ਬਹੁਤ ਪਿਆਰ -ਸਤਿਕਾਰ ਮਿਲ ਰਿਹਾ ਹੈ ਪਰ ਦੁਨੀਆਂ ਭਰ ਵਿੱਚ ਬਹੁਤੇ ਸਿੱਖ ਆਗੂਆਂ ਤੇ ਸੰਸਥਾਵਾਂ ਕੋਲੋ ਕੌਮ ਦੇ ਮਹਾਨ ਹੀਰੇ ਕੀਰਤਨੀਏ,ਢਾਡੀ ਤੇ ਕਥਾ ਵਾਚਕਾਂ ਨੂੰ ਅੱਜ ਵੀ ਉਹ ਮਾਣ-ਸਨਮਾਨ ਨਹੀਂ ਮਿਲ ਰਿਹਾ ਜਿਸ ਦੇ ਉਹ ਹੱਕਦਾਰ ਹਨ।

## ਸਰਕਾਰੀ ਸਮਾਰਟ ਹਾਈ ਸਕੂਲ ਰਡਿਆਲਾ ਵਿਖੇ ਕਿਸ਼ੋਰਾਂ ਲਈ ਸੈਮੀਨਾਰ ਆਯੋਜਿਤ

ਖਰੜ: 23 ਦਸੰਬਰ :ਖਰੜ ਦੇ ਪਿੰਡ ਰਡਿਆਲਾ ਦੇ ਸਰਕਾਰੀ ਹਾਈ ਸਮਾਰਟ ਸਕੂਲ ਵਿਖੇ ਅੱਜ ਆਯੁਰਵੈਦਿਕ ਮੈਡੀਕਲ ਅਫ਼ਸਰ ਡਾਕਟਰ ਕ੍ਰਿਤੀਕਾ ਭਨੋਟ ਵਿਸ਼ੇਸ਼ ਤੌਰ 'ਤੇ ਪੁੱਜੇ ਉਨ੍ਹਾਂ ਨੇ ਸਕੂਲ ਦੀਆਂ ਬੱਚੀਆਂ ਨਾਲ ਵਿਸ਼ੇਸ਼ ਸੰਵਾਦ ਰਚਾਇਆ। ਸਾਹਿਬਜ਼ਾਦਿਆਂ ਦੀ ਅਤੇ ਗੁਰੂ ਸਾਹਿਬ ਦੇ ਪਰਿਵਾਰ ਅਤੇ ਬਾਕੀ ਯੋਧਿਆਂ ਦੀ ਸ਼ਹਾਦਤ ਨੂੰ ਪ੍ਰਣਾਮ ਕਰਨ ਉਪਰੰਤ ਇਨ੍ਹਾਂ ਬੱਚੀਆਂ ਨੂੰ ਕਿਸ਼ੋਰ ਅਵਸਥਾ ਅਤੇ ਉਸ ਨਾਲ ਸਬੰਧਤ ਵਿਭਿੰਨ ਸਮੱਸਿਆਵਾਂ ਬਾਰੇ ਡਾ. ਕ੍ਰਿਤੀਕਾ ਭਨੋਟ ਨੇ ਵਿਸਥਾਰ ਸਹਿਤ ਦੱਸਿਆ।




ਕਿਸ਼ੋਰ ਹੋ ਰਹੀਆਂ ਬੱਚੀਆਂ ਨੂੰ ਸਮਝਾਇਆ ਗਿਆ ਇਸ ਉਮਰ ਵਿਚ ਸਰੀਰ ਵਿੱਚ ਕੀ-ਕੀ ਤਬਦੀਲੀਆਂ ਆਉਂਦੀਆਂ ਹਨ ਅਤੇ ਉਨ੍ਹਾਂ ਨਾਲ ਸਹੀ ਢੰਗ ਨਾਲ ਕਿਸ ਤਰ੍ਹਾਂ ਨਜਿਠਣਾ ਹੁੰਦਾ ਹੈ। ਡਾਕਟਰ ਨੇ ਵਿਦਿਆਰਥਣਾਂ ਨੂੰ ਆਪਣੀ ਨਿੱਜੀ ਸਿਹਤ ਅਤੇ ਸਫਾਈ ਸਬੰਧੀ ਮਹੱਤਵਪੂਰਨ ਨੁਕਤੇ ਦੱਸਣ ਦੇ ਨਾਲ-ਨਾਲ ਇਹ ਗੱਲ ਵੀ ਵਿਸ਼ੇਸ਼ ਜ਼ੋਰ ਦੇ ਕੇ ਆਖੀ ਕਿ ਇਸ ਉਮਰ ਵਿੱਚ ਪੌਸ਼ਟਿਕ ਖਾਣਾ ਬਹੁਤ ਜ਼ਰੂਰੀ ਹੁੰਦਾ ਹੈ। ਕਿਸ਼ੋਰਾਂ ਨੂੰ ਕਬਾੜ ਖਾਣਾ ਅਤੇ ਪੈਕਟ ਬੰਦ ਨਮਕੀਨ ਅਤੇ ਹੋਰ ਰੈਡੀਮੇਡ ਭੋਜਨ ਖਾਣ ਤੋਂ ਵੱਧ ਤੋਂ ਵੱਧ ਪਰਹੇਜ਼ ਕਰਨਾ ਚਾਹੀਦਾ ਹੈ।

ਇਕ ਕਮਰੇ ਵਿਚ ਆਯੋਜਤ ਕੀਤੇ ਗਏ ਇਸ ਸੈਮੀਨਾਰ ਦੌਰਾਨ ਵਿਦਿਆਰਥਣਾਂ ਨੇ ਡਾਕਟਰ ਨੂੰ ਆਪਣੀਆਂ ਸਮੱਸਿਆਵਾਂ ਅਤੇ ਪ੍ਰਸ਼ਨਾਂ ਤੋਂ ਜਾਣੂ ਕਰਾਉਂਦੇ ਹੋਏ ਕਈ ਮੁੱਦਿਆਂ ਉੱਪਰ ਗੱਲਬਾਤ ਕਰਕੇ ਉੱਤਰ ਵੀ ਪ੍ਰਾਪਤ ਕੀਤੇ। ਡਾਕਟਰ ਕ੍ਰਿਤੀਕਾ ਨੇ ਵਾਅਦਾ ਕੀਤਾ ਕਿ ਅਗਲੇ ਸਾਲ ਵੀ ਉਹ ਵਿਦਿਆਰਥਣਾਂ ਨੂੰ ਸੰਬੋਧਨ ਕਰਨ ਲਈ ਆਉਣਗੇ ਕਿਉਂਕਿ ਉਨ੍ਹਾਂ ਨੂੰ ਇਸ ਸਕੂਲ ਵਿੱਚ ਆ ਕੇ ਬਹੁਤ ਸ਼ਾਂਤੀ ਅਤੇ ਸੰਤੁਸ਼ਟੀ ਮਿਲਦੀ ਹੈ। ਇਸ ਮੌਕੇ ਗੁਰਿੰਦਰ ਕੌਰ ਨੇ ਪ੍ਰਬੰਧ ਕੀਤੇ ਤੇ ਬਾਕੀ ਸਟਾਫ ਨੇ ਵੀ ਡਾਕਟਰ ਮੈਡਮ ਦਾ ਧੰਨਵਾਦ ਕੀਤਾ।

## ਟਾਇਨੋਰ ਆਰਥੋਟਿਕਸ ਨੇ ਵੱਡਾ ਨਿਰਮਾਣ ਕੇਂਦਰ ਖੋਲ੍ਹਿਆ

### ਗਲੋਬਲ ਆਰਥੋਪੀਡਿਕ ਨਿਰਮਾਣ ਵਿੱਚ ਇੱਕ ਨਵਾਂ ਯੁੱਗ

ਚੰਡੀਗੜ੍ਹ, 23 ਦਸੰਬਰ :ਆਰਥੋਟਿਕ ਉਪਕਰਨਾਂ ਦੇ ਇੱਕ ਪ੍ਰਮੁੱਖ ਬ੍ਰਾਂਡ, ਟਾਇਨੋਰ ਆਰਥੋਟਿਕਸ ਨੇ ਫੇਸ 6, ਮੋਹਾਲੀ, ਪੰਜਾਬ ਵਿੱਚ ਆਪਣੀ ਜ਼ਮੀਨੀ ਨਿਰਮਾਣ ਕੇਂਦਰ ਦਾ ਉਦਘਾਟਨ ਕੀਤਾ। ਇਸ ਉਦਘਾਟਨੀ ਸਮਾਰੋਹ ਵਿੱਚ ਸ਼੍ਰੀਮਤੀ ਅਨਮੋਲ ਗਗਨ ਮਾਨ, ਨਿਵੇਸ਼ ਪ੍ਰਮੋਸ਼ਨ ਮੰਤਰੀ, ਪੰਜਾਬ ਸਰਕਾਰ, ਮੁੱਖ ਮਹਿਮਾਨ ਵਜੋਂ ਅਤੇ ਸ਼੍ਰੀ ਵਿਕਰਮਜੀਤ ਸਿੰਘ ਸਾਹਨੀ, ਰਾਜ ਸਭਾ ਮੈਂਬਰ, ਭਾਰਤ ਸਰਕਾਰ ਵਿਸ਼ੇਸ਼ ਮਹਿਮਾਨ ਵਜੋਂ ਹੋਰ ਪਤਵੰਤਿਆਂ ਅਤੇ ਸੀਨੀਅਰ ਸਰਕਾਰੀ ਅਧਿਕਾਰੀਆਂ ਸਮੇਤ ਹਾਜ਼ਰ ਹੋਏ।




ਨਿਰਮਾਣ ਕੇਂਦਰ ਦਾ ਦੌਰਾ ਕਰਦੇ ਹੋਏ, ਸ਼੍ਰੀਮਤੀ ਅਨਮੋਲ ਗਗਨ ਮਾਨ ਨੇ ਭਾਰਤ ਦੇ ਗਲੋਬਲ ਨਿਰਮਾਣ ਦਰਜੇ ਨੂੰ ਉੱਚਾ ਚੁੱਕਣ ਵਿੱਚ ਟਾਈਨਰ ਦੀ ਮਹੱਤਵਪੂਰਨ ਭੂਮਿਕਾ ਦੀ ਸ਼ਲਾਘਾ ਕੀਤੀ।

ਉਨਾਂ ਨੇ ਕਿਹਾ ਕਿ ਇਹ ਯੂਨਿਟ ਹਾਈ-ਟੈਕ ਆਰਥੋਪੈਡਿਕ ਉਤਪਾਦਾਂ ਨੂੰ ਵਿਕਸਤ ਕਰਕੇ ਆਯਾਤ ਨਿਰਭਰਤਾ ਨੂੰ ਘਟਾਉਣ ਵਿੱਚ ਅਹਿਮ ਰੋਲ ਨਿਭਾਏਗਾ। ਉਤਪਾਦ ਨਿਰਯਾਤ ਦੁਆਰਾ ਵਿਦੇਸ਼ੀ ਮੁਦਰਾ ਕਮਾਈ ਜਾਏਗੀ ਅਤੇ ਸਥਾਨਕ ਰੁਜ਼ਗਾਰ ਪੈਦਾ ਹੋਏਗਾ। ਉਨਾਂ ਨੇ ਇਸਨੂੰ ਭਾਰਤ ਦੇ ਸਿਹਤ ਸੰਭਾਲ ਖੇਤਰ ਵਿੱਚ ਸਵੈ-ਨਿਰਭਰਤਾ ਅਤੇ ਵਿਸ਼ਵ ਪੱਧਰੀ ਮੁਕਾਬਲੇਬਾਜ਼ੀ ਵੱਲ ਇੱਕ ਮਹੱਤਵਪੂਰਨ ਕਦਮ ਦੱਸਿਆ। ਉਨ੍ਹਾਂ ਅਨੁਸਾਰ, ਇਸ ਸਥਾਪਨਾ ਦਾ ਵਿਸ਼ਾਲ ਆਕਾਰ ਭਾਰਤ ਅਤੇ ਪੰਜਾਬ ਰਾਜ ਨੂੰ ਵਿਸ਼ਵ ਪੱਧਰ 'ਤੇ ਪ੍ਰਮੁੱਖਤਾ ਨਾਲ ਸਥਾਪਤ ਕਰਨ ਲਈ ਉਤਪ੍ਰੇਰਕ ਵਜੋਂ ਕੰਮ ਕਰੇਗਾ।

ਅਤਿ-ਆਧੁਨਿਕ ਰੋਬੋਟਿਕ ਤਕਨਾਲੋਜੀ, ਆਟੋਮੇਸ਼ਨ ਅਤੇ ਵਿਗਿਆਨਕ ਸ਼ੁੱਧਤਾ ਨੂੰ ਅਪਣਾ ਕੇ, ਟਾਈਨਰ ਦਾ ਉਦੇਸ਼ ਕੁਸ਼ਲਤਾ ਨੂੰ ਵਧਾਉਣਾ ਅਤੇ ਗਲਤੀ ਰਹਿਤ ਨਿਰਮਾਣ ਮਾਪਦੰਡਾਂ ਨੂੰ ਕਾਇਮ ਰੱਖਣਾ ਹੈ। ਬ੍ਰਾਂਡ ਵਿਜ਼ਨ ਦਾ ਉਦੇਸ਼ ਵੌਲਯੂਮ ਅਤੇ ਮੁੱਲ ਦੇ ਰੂਪ ਵਿੱਚ ਵਿਸ਼ਵ ਪੱਧਰ 'ਤੇ ਅਗਵਾਈ ਕਰਨਾ ਹੈ ਅਤੇ ਨਾਲ ਹੀ ਪੰਜਾਬ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਨਾਲ ਵਿਗਿਆਨਕ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਅਤੇ ਅਮਰੀਕਾ ਵਿੱਚ ਵਾਲਮਾਰਟ, ਐਮਾਜ਼ਾਨ, ਵਾਲਗ੍ਰੀਨਜ਼ ਅਤੇ ਸੀਵੀਐਸ ਵਰਗੇ ਉਦਯੋਗ ਦੇ ਨੇਤਾਵਾਂ ਨਾਲ ਕੰਮ ਕਰਨਾ ਹੈ। ਜੀਵਨ ਦੇ ਸਾਰੇ

ਟਾਇਨੋਰ ਦਾ ਉਦੇਸ਼ ਅਮਰੀਕਾ ਅਤੇ ਯੂਰਪ ਵਰਗੇ ਪ੍ਰਮੁੱਖ ਬਾਜ਼ਾਰਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਤਪਾਦ ਦੀ ਗੁਣਵੱਤਾ, ਕੁਸ਼ਲਤਾ ਅਤੇ ਕੀਮਤ ਵਿੱਚ ਚੀਨ ਨੂੰ ਪਛਾੜਨਾ ਹੈ।

ਕਈ ਤਰ੍ਹਾਂ ਦੇ ਸਿਹਤ ਹੱਲਾਂ ਦੇ ਨਿਰਮਾਣ ਵਿੱਚ ਮੋਬਿਲਿਟੀ ਏਡਜ਼, ਗਰਮ ਅਤੇ ਠੰਡੇ ਥੈਰੇਪੀ, ਟ੍ਰੈਕਸ਼ਨ ਕਿੱਟਾਂ, ਐਡਵਾਂਸਡ ਗੋਡਿਆਂ ਦੇ ਬਰੇਸ, ਫਿੰਗਰ ਸਪਲਿੰਟ, ਸਿਲੀਕੋਨ ਅਤੇ ਪੈਰਾਂ ਦੀ ਦੇਖਭਾਲ, ਸਰਵਾਈਕਲ ਏਡਜ਼, ਸੀਟਾਂ, ਪਿੱਠ, ਸਿਰਹਾਣੇ ਅਤੇ ਕੁਸ਼ਨ ਵਰਗੇ ਸਹਾਇਕ ਉਤਪਾਦ ਸ਼ਾਮਲ ਹਨ। ਕੰਪਨੀ ਨੇ 800 ਕਰੋੜ ਰੁਪਏ ਦੇ ਰਣਨੀਤਕ ਨਿਵੇਸ਼

ਸਹਿਤ ਪੰਜਾਬ ਵਿੱਚ ਪੂਰੀ ਸੰਚਾਲਨ ਸਮਰੱਥਾ ਦੀ ਉਮੀਦ ਦੇ ਨਾਲ, ਇਹ ਸਹੂਲਤ 3000 ਨੌਕਰੀਆਂ ਪੈਦਾ ਕਰਨ ਲਈ ਤਿਆਰ ਹੈ। ਇਸ ਮੌਕੇ ਐਮਐਲਏ ਮੋਹਾਲੀ ਸਰਦਾਰ ਕੁਲਵੰਤ ਸਿੰਘ ਅਤੇ ਉਦਯੋਗਿਕ ਅਦਾਰਿਆਂ ਦੇ ਮਾਲਕਾਂ ਸਮੇਤ ਹੋਰ ਅਧਿਕਾਰੀ ਅਤੇ ਉਦਯੋਗਪਤੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

## ਲੋਕ ਸੰਪਰਕ ਦੇ ਸੇਵਾ ਮੁਕਤ ਅਧਿਕਾਰੀਆਂ ਦੇ ਜਨਮ ਦਿਨ ਮਨਾਏ ਗਏ

ਪਟਿਆਲਾ: 23 ਦਸੰਬਰ : ਸੇਵਾ ਮੁਕਤ ਮੁਲਾਜ਼ਮਾ ਨੂੰ ਆਪਣੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ। ਉਨ੍ਹਾਂ ਨੂੰ ਹਰ ਰੋਜ਼ ਸੈਰ ਕਰਨੀ ਚਾਹੀਦੀ ਹੈ। ਸੇਵਾ ਮੁਕਤੀ ਤੋਂ ਬਾਅਦ ਸਰਕਾਰੀ ਜ਼ਿੰਮੇਵਾਰੀ ਤੋਂ ਰੁਖਸਤ ਹੋ ਕੇ ਸਮਾਜ ਸੇਵਾ ਕਰਨ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਨੂੰ ਨੇੜੇ ਤੋਂ ਵੇਖਣ ਦਾ ਮੌਕਾ ਮਿਲਦਾ ਰਿਹਾ ਹੈ। ਉਨ੍ਹਾਂ ਸਮੱਸਿਆਵਾਂ ਨੂੰ ਹਲ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੁਰਜੀਤ ਸਿੰਘ ਸੈਣੀ ਪ੍ਰਧਾਨ ਜਿਲ੍ਹਾ ਲੋਕ ਸੰਪਰਕ ਵਿਭਾਗ ਪਟਿਆਲਾ ਨੇ ਸੇਵਾ ਮੁਕਤ ਮੁਲਾਜ਼ਮਾ ਦੀ ਵੈਲਫੇਅਰ ਐਸੋਸੀਏਸ਼ਨ ਵੱਲੋਂ ਆਯੋਜਤ ਮਹੀਨਾਵਰ ਮੀਟਿੰਗ ਵਿੱਚ ਬੋਲਦਿਆਂ ਕੀਤਾ। ਉਜਾਗਰ ਸਿੰਘ ਨੇ ਦੱਸਿਆ ਕਿ ਲੋਕ ਸੰਪਰਕ ਮੁਲਾਜ਼ਮਾ ਦੀ ਵੈਲਫੇਅਰ ਐਸੋਸੀਏਸ਼ਨ ਬਣਾਉਣ ਦਾ ਸੁਝਾਆ 1979 ਵਿੱਚ ਲੋਕ ਸੰਪਰਕ ਵਿਭਾਗ ਦੇ ਤਤਕਾਲੀ ਡਾਇਰੈਕਟਰ ਸ਼੍ਰੀ ਐਚ ਵੀ ਕ੍ਰਿਸ਼ਨਾ ਮੂਰਤੀ ਨੇ ਦਿੱਤਾ ਸੀ। ਪਟਿਆਲਾ ਜਿਲ੍ਹੇ ਵਿੱਚ ਉਸ ਸਮੇਂ ਤੋਂ ਹੀ ਇਹ ਐਸੋਸੀਏਸ਼ਨ ਚਲ ਰਹੀ ਹੈ। ਐਸੋਸੀਏਸ਼ਨ ਦੀ ਹਰ ਮਹੀਨੇ ਮੀਟਿੰਗ ਹੁੰਦੀ ਹੈ, ਉਸ ਮਹੀਨੇ ਜਿਹੜੇ ਮੁਲਜ਼ਮਾ ਦੇ ਜਨਮ ਦਿਨ ਹੁੰਦੇ ਹਨ, ਉਹ ਕੇਕ ਕੱਟ ਕੇ ਮਨਾਏ ਜਾਂਦੇ ਹਨ। ਇਸ ਮੌਕੇ 'ਤੇ ਸ਼ਾਮ ਸੁੰਦਰ ਅਤੇ ਬਿਮਲ ਕੁਮਾਰ ਦੇ ਜਨਮ ਦਿਨ ਕੇਕ ਕੱਟਕੇ ਮਨਾਏ ਗਏ। ਸ਼੍ਰੀ ਹਾਕਮ ਥਾਪਰ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਪਟਿਆਲਾ ਅਤੇ ਉਜਾਗਰ ਸਿੰਘ ਸਾਬਕਾ ਲੋਕ ਸੰਪਰਕ ਅਧਿਕਾਰੀ ਨੇ ਮੁਬਾਰਕਵਾਦ ਦਿੰਦੀਆਂ ਉਨ੍ਹਾਂ ਦੀ ਲੰਬੀ ਅਤੇ ਤੰਦਰੁਸਤ ਜੀਵਨ ਦੀ ਕਾਮਨਾ ਕੀਤੀ। ਇਸ ਮੀਟਿੰਗ ਵਿੱਚ ਅਸ਼ੋਕ ਕੁਮਾਰ ਸ਼ਰਮਾ, ਪਰਮਜੀਤ ਕੌਰ ਅਤੇ ਸ਼ਾਮ ਸੁੰਦਰ ਤਿੰਨੋ ਸੇਵਾ ਮੁਕਤ ਸਹਾਇਕ ਲੋਕ ਸੰਪਰਕ ਅਧਿਕਾਰੀ, ਨਰਾਤਾ ਸਿੰਘ ਸਿੱਧੂ, ਜੀ ਆਰ ਕੁਮਰਾ, ਨਵਲ ਕਿਸ਼ੋਰ, ਪਰਮਜੀਤ ਸਿੰਘ, ਜੀ.ਪੀ ਸਿੰਘ, ਵੀਨਾ ਕੁਮਾਰੀ ਅਤੇ ਬਿਮਲ ਕੁਮਾਰ ਸ਼ਾਮਲ ਹੋਏ।



## ਸ਼੍ਰੀ ਬਾਂਕੇ ਬਿਹਾਰੀ ਚੈਰੀਟੇਬਲ ਟਰਸਟ ਦਾ ਸਲਾਨਾ ਇਨਾਮ ਵੰਡ ਸਮਾਰੋਹ 24 ਨੂੰ।

ਅਹਿਮਦਗੜ੍ਹ 23 ਦਸੰਬਰ : ਇਲਾਕੇ ਦੀ ਨਾਮਵਰ ਸੰਸਥਾ ਸ਼੍ਰੀ ਬਾਂਕੇ ਬਿਹਾਰੀ ਚੈਰੀਟੇਬਲ ਟਰਸਟ ਦਾ ਸਲਾਨਾ ਇਨਾਮ ਵੰਡ ਸਮਾਰੋਹ ਐਤਵਾਰ 24 ਦਸੰਬਰ ਨੂੰ ਸੈਂਟਰ ਵਿਖੇ ਸਵੇਰ 11 ਵਜੇ ਹੋਵੇਗਾ। ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਸ਼੍ਰੀ ਰਜਨੀਸ਼ ਔਸਵਾਲ ਸੀ ਐਮ ਡੀ ਸ਼੍ਰਿਆਂਸ਼ ਇੰਡਸਟਰੀਜ ਅਹਿਮਦਗੜ ਅਤੇ ਮਿਸ ਅਰਸ਼ੀਆ ਔਸਵਾਲ ਹੋਣਗੇ। ਸ਼੍ਰੀ ਬਾਂਕੇ ਬਿਹਾਰੀ ਚੈਰੀਟੇਬਲ ਟਰਸਟ ਦੇ ਪ੍ਰਧਾਨ ਸ਼੍ਰੀ ਮਨੀਸ਼ ਸਿੰਗਲਾ ਵਿਕਾਸ ਜੈਨ ਸਾਹਿਲ ਜਿੰਦਲ ਲੈਕਚਰਾਰ ਲਲਿਤ ਗੁਪਤਾ ਅਤੇ ਹੋਰਨਾਂ ਨੇ ਦੱਸਿਆ ਕਿ ਇਸ ਇਨਾਮ ਵੰਡ ਸਮਾਗਮ ਵਿੱਚ ਜਿਨ੍ਹਾਂ ਵਿਦਿਆਰਥੀਆਂ ਨੇ ਸੈਂਟਰ ਵਿਖੇ ਕੰਪਿਊਟਰ ਅਤੇ ਸਿਲਾਈ ਦੇ ਕੋਰਸ ਪੂਰੇ ਕੀਤੇ ਹਨ ਅਤੇ ਉਹ ਪੇਪਰ ਵਿੱਚ ਪਾਸ ਹੋਏ ਹਨ ਉਨ੍ਹਾਂ ਬੱਚਿਆਂ ਨੂੰ ਸਰਟੀਫਿਕੇਟਾਂ ਦੀ ਵੰਡ ਕੀਤੀ ਜਾਵੇਗੀ। ਸੰਸਥਾ ਨੇ ਇਸ ਮੌਕੇ ਸ਼ਹਿਰ ਅਤੇ ਇਲਾਕੇ ਦੇ ਪਤਵੰਤੇ ਸੱਜਣਾਂ ਅਤੇ ਹੋਰ ਸੰਸਥਾਵਾਂ ਦੇ ਅਹੁਦੇਦਾਰਾਂ ਨੂੰ ਸੱਦਾ ਪੱਤਰ ਵੀ ਵੰਡੇ। ਸੰਸਥਾ ਬਾਂਕੇ ਬਿਹਾਰੀ ਟਰਸਟ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਲਾਨਾ ਇਨਾਮ ਵੰਡ ਸਮਾਂਰੋਹ ਵਿੱਚ ਝੰਡੇ ਦੀ ਰਸਮ ਸ਼੍ਰੀ ਸਾਲਾਸਰ ਬਾਲਾ ਜੀ ਸੇਵਾ ਮੰਡਲ ਵੱਲੋਂ ਕੀਤੀ ਜਾਵੇਗੀ । ਆਰਤੀ ਦੀ ਸੇਵਾ ਸ਼੍ਰੀ ਖਾਟੂ ਸ਼ਾਮ ਸੇਵਾ ਦਲ ਅਤੇ ਜੋਤ ਦੀ ਸੇਵਾ ਸ਼੍ਰੀਮਤੀ ਮਿਨੀ ਅਗਰਵਾਲ ਜੀ ਕਰਨਗੇ। ਇਹ ਸਾਲਾਨਾ ਸਮਾਰੋਹ ਸਵਰਗੀ ਸਮੀਰ ਅਗਰਵਾਲ ਦੀ ਯਾਦ ਨੂੰ ਸਮਰਪਿਤ ਹੋਵੇਗਾ। ਇਸ ਮੌਕੇ ਬਾਂਕੇ ਬਿਹਾਰੀ ਚੈਰੀਟੇਬਲ ਟਰਸਟ ਦੀ ਪੂਰੀ ਟੀਮ ਸ਼੍ਰੀ ਬੋਬੀ ਮਲ ਸ਼੍ਰੀ ਲਲਿਤ ਜਿੰਦਲ ਸੰਜੀਵ ਵਿਨਾਇਕ ਸੰਦੀਪ ਸ਼ਰਮਾ ਚੰਦਨ ਗਰਗ ਕਰਨ ਗਰਗ ਸ਼ੁਭਮ ਜਿੰਦਲ ਰੋਹਿਤ ਜਿੰਦਲ ਡਾਕਟਰ ਆਸ਼ੀਸ਼ ਗੌਤਮ ਬਿੱਟੂ ਸਿੰਘਲਾ ਵਿਕਾਸ ਜੈਨ ਸੁਭਾਦੀਪ ਗੁਪਤਾ ਹਿਮਾਂਸ਼ੂ ਬਤਰਾ ਮਨਨ ਜੈਨ ਤੋਂ ਇਲਾਵਾ ਅਨਮੋਲ ਗੁਪਤਾ ਰਾਮ ਨਰੇਸ਼ ਜਤਿੰਦਰ ਵਰਮਾ ਅਰੁਣ ਵਰਮਾ ਨਿਸ਼ਾਂਤ ਗੋਇਲ ਸੁਧੀਰ ਕੁਮਾਰ ਵਿਕਾਸ ਸ਼ਰਮਾ ਕਰਨ ਕੁਮਾਰ ਰੋਹੀਨ ਕੁਮਾਰ ਅਵੀ ਜੈਨ ਆਦਿ ਵੀ ਹਾਜ਼ਰ ਸਨ।



## ਮਾਉਂਟ ਲਰਨਿੰਗ ਜੂਨੀਅਰਜ਼ ਸਕੂਲ ਦੀ ਨਵੀਂ ਇਮਾਰਤ 'ਚ ਮਨਾਇਆ ਗਿਆ ਕ੍ਰਿਸਮਿਸ ਦਾ ਤਿਉਹਾਰ

ਫਰੀਦਕੋਟ, 23 ਦਸੰਬਰ : ਨਿਊ ਕੈਂਟ ਰੋਡ ਗਲੀ ਨੰਬਰ 4 ਫਰੀਦਕੋਟ ਵਿਖੇ ਸਥਿੱਤ ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਮਾਉਂਟ ਲਰਨਿੰਗ ਜੂਨੀਅਰਜ ਸਕੂਲ ਦੀ ਸ਼ਾਨਦਾਰ ਬਣੀ ਨਵੀਂ ਇਮਾਰਤ 'ਚ ਕ੍ਰਿਸਮਿਸ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸਕੂਲ ਨੂੰ ਰੰਗ-ਬਿਰੰਗੇ ਫੁੱਲਾਂ ਅਤੇ ਗੁਬਾਰਿਆਂ ਨਾਲ ਸਜਾਇਆ ਗਿਆ। ਸਮਾਗਮ 'ਚ ਮਾਪਿਆਂ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਧਰਮਵੀਰ ਸਿੰਘ (ਡੀ.ਈ.ਓ.) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦਾ ਸ਼ੱ੍ਰਭ ਆਰੰਭ ਮਾਤਾ ਸਰਸਵਤੀ ਦੀ ਵੰਦਨਾ ਅਤੇ ਜੋਤੀ ਜਗਾ ਕੇ ਕੀਤੀ। ਇਸ ਤੋਂ ਬਾਅਦ ਫੈਂਸੀ ਡਰੈੱਸ 'ਚ ਤਿਆਰ ਹੋਏ ਨੰਨੇ-ਮੰ੍ਰਨੇ ਵਿਦਿਆਰਥੀਆਂ ਨੇ ਡਾਂਸ ਪੇਸ਼ ਕਰਕੇ ਸਭ ਦਾ ਮਨੋਰੰਜਨ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਇੰਜੀ. ਸ਼੍ਰੀ ਚਮਨ ਲਾਲ ਗੁਲਾਟੀ ਅਤੇ ਮੈਨੇਜਿੰਗ ਡਾਇਰੇਕਟਰ ਸ਼੍ਰੀ ਪੰਕਜ ਗੁਲਾਟੀ, ਸ਼੍ਰੀਮਤੀ ਸੀਮਾ ਗੁਲਾਟੀ ਨੇ ਦੱਸਿਆ ਕਿ ਮਾਉਂਟ ਲਰਨਿੰਗ ਜੂਨੀਅਰਜ਼ ਸਕੂਲ ਦੀ ਨਵੀਂ ਇਮਾਰਤ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਹੈ, ਜਿਸ 'ਚ ਵਿਦਿਆਰਥੀਆਂ ਦੀ ਲੋੜ ਅਤੇ ਸਹੂਲਤ ਅਨੁਸਾਰ ਸਾਰੇ ਉਪਕਰਨ ਮੁਹੱਈਆ ਕਰਵਾਏ ਗਏ ਹਨ। ਸਕੂਲ ਦੀ ਨੋਡਲ ਅਫ਼ਸਰ ਮੈਡਮ ਸਟੈਫ਼ੀ (ਗੋਆ) ਨੇ ਆਏ ਹੋਏ ਮਾਪਿਆਂ ਅਤੇ ਮਹਿਮਾਨਾਂ ਨੂੰ ਆਉਣ ਵਾਲੇ ਵਿਦਿਅਕ ਸਾਲ 2024-25 ਦੀਆਂ ਨਵੀਆਂ ਵਿਦਿਅਕ ਨੀਤੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਸਿਲੇਬਸ ਅਨੁਸਾਰ ਵਿਦਿਆ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੰਪਿਊਟਰ ਕਲਾਸ, ਡਾਂਸ ਅਤੇ ਮਿਊਜ਼ਕ ਕਲਾਸ, ਸਵੀਮਿੰਗ ਕਲਾਸ ਅਤੇ ਪਰਸਨੈਲਟੀ ਡਿਵੈਲਪਮੈਂਟ ਆਦਿ ਕਲਾਸਾਂ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਪੰਕਜ ਗੁਲਾਟੀ ਨੇ ਦੱਸਿਆ ਕਿ ਦੋਵਾਂ ਸਕੂਲਾਂ 'ਚ ਬਹੁਤ ਹੀ ਯੋਗ ਮਿਹਨਤੀ ਅਤੇ ਤਜ਼ਰਬੇਕਾਰ ਅਧਿਆਪਕ ਹਨ। ਜਿੰਨਾਂ ਨੂੰ ਸਮੇਂ-ਸਮੇਂ ਵਿਸ਼ੇਸ਼ ਟ੍ਰੇਨਿੰਗ ਮੁਹੱਈਆ ਕਰਵਾਈ ਜਾਂਦੀ ਹੈ। ਇਸੇ ਕਰਕੇ ਮਾਉਂਟ ਲਿਟਰਾ ਜ਼ੀ ਸਕੂਲ ਦਾ ਸੀ.ਬੀ.ਐਸ.ਈ. ਬੋਰਡ ਦੀ ਦਸਵੀਂ ਅਤੇ ਬਾਰਵੀਂ ਦਾ ਹਰ ਸਾਲ 100 ਫੀਸਦੀ ਨਤੀਜਾ ਆਉਂਦਾ ਹੈ। ਇਸ ਮੌਕੇ ਮਾਪਿਆਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਬੱਚੇ ਇਸ ਸਕੂਲ 'ਚ ਆਉਣਾ ਪਸੰਦ ਕਰਦੇ ਹਨ ਅਤੇ ਪੜਾਈ ਕਰਵਾਉਣ ਦਾ ਤਰੀਕਾ ਵੀ ਬਹੁਤ ਵਧੀਆ ਹੈ ਅਤੇ ਸਕੂਲ 'ਚ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਪੜਿਆ ਜਾਂਦਾ ਹੈ, ਜਿਸ ਕਾਰਨ ਬੱਚੇ ਸਕੂਲ 'ਚ ਦਿਲ ਲਾ ਕੇ ਪੜਾਈ ਕਰ ਰਹੇ ਹਨ। ਅੰਤ 'ਚ ਪ੍ਰਿੰਸੀਪਲ ਡਾ. ਸੁਰੇਸ਼ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਸਮਾਗਮ 'ਚ ਸ਼ਿਰਕਤ ਕਰਕੇ ਸਫ਼ਲ ਬਣਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ।



## ਦਿ ਰੌਇਲ ਗਲੋਬਲ ਸਕੂਲ ਵਿੱਚ ਮਨਾਇਆ ਗਿਆ 'ਵੀਰ ਬਾਲ ਦਿਵਸ'

ਚੰਡੀਗੜ੍ਹ,23 ਦਸੰਬਰ : ਦਿ ਰੌਇਲ ਗਲੋਬਲ ਸਕੂਲ ਖਿਆਲਾ ਕਲਾਂ, ਭੀਖੀ-ਮਾਨਸਾ ਵਿਖੇ ਵੀਰ ਬਾਲ ਦਿਵਸ ਮਨਾਇਆ ਗਿਆ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਅਤੇ ਉਨ੍ਹਾਂ ਛੋਟੇ ਬੱਚਿਆਂ ਦੀ





ਸ਼ਹਾਦਤ ਨੂੰ ਯਾਦ ਕੀਤਾ, ਜਿਨ੍ਹਾਂ ਨੇ ਜੂਝਦਿਆਂ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ। ਪੰਜਾਬੀ ਅਧਿਆਪਕਾ ਸ੍ਰੀਮਤੀ ਸੰਤੋਸ਼ ਨੇ ਸਿੱਖ ਧਰਮ ਦੇ ਇਤਿਹਾਸ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਦੋ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਮੁਗਲਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਅਤੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਨੂੰ ਇਸਲਾਮ ਕਬੂਲ ਨਾ ਕਰਨ ਕਰਕੇ ਦੀਵਾਰ ਵਿੱਚ ਜਿੰਦਾ ਚਿਣਵਾ ਦਿੱਤਾ ਗਿਆ ਅਤੇ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਜੀ ਨੇ ਕਿਲ੍ਹੇ ਦਾ ਉੱਚਾ ਬੁਰਜ (ਠੰਡਾ ਬੁਰਜ) ਵਿੱਚ ਆਪਣੀ ਜਾਨ ਕੁਰਬਾਨ ਕਰ ਦਿੱਤੀ।

ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਮਿਲ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ ਗਿਆ,ਇਸ ਤੋਂ ਉਪਰੰਤ ਅਰਦਾਸ ਕਰ ਕੇ ਵਿਦਿਆਰਥੀਆਂ ਨੂੰ ਕੜਾਹ ਪ੍ਰਸ਼ਾਦ ਵਰਤਾਇਆ ਗਿਆ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਯੋਗਿਤਾ ਭਾਟੀਆ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸਰਬੱਤ ਦੇ ਭਲੇ ਲਈ ਸਾਰਾ ਪਰਿਵਾਰ ਕੁਰਬਾਨ ਹੋਇਆ।ਉਹਨਾਂ ਬੱਚਿਆਂ ਨੂੰ ਇਹ ਵੀ ਕਿਹਾ ਕਿ ਸਾਨੂੰ ਗੁਰੂ ਸਾਹਿਬਾਨਾਂ ਦੁਆਰਾ ਦਿੱਤੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨਾ ਚਾਹੀਦਾ ਹੈ ਜਿਸ ਨਾਲ ਅਸੀਂ ਇੱਕ ਸੱਚਾ-ਸੁੱਚਾ ਜੀਵਨ ਜੀਅ ਸਕੀਏ।

ਵਰਲਡ ਪੰਜਾਬੀ ਟਾਈਮਜ਼ 23 ਦਸੰਬਰ 2023 ਦਿਨ ਸ਼ਨੀਵਾਰ

## ਗੁਰੂ ਗੋਬਿੰਦ ਸਿੰਘ ਜੀ ਦੇ ਲਾਲ






ਗੁਰੂ ਜੀ ਦੇ ਲਾਲ
ਮਾਤਾ ਗੁਜਰੀ ਦੇ ਪੋਤੇ
ਦੋ ਚਮਕੌਰ ਚ ਲੜੇ
ਦੋ ਨੀਆਂ ਚ ਖੂਲੋਤੇ

ਅਜੀਤ ਤੇ ਜੁਝਾਰ ਵੱਡੇ ਸੀ
ਜ਼ੋਰਾਵਰ ਤੇ ਫਤਿਹ ਸਿੰਘ ਛੋਟੇ
ਗੁਰੂ ਜੀ ਦੇ ਲਾਲ
ਮਾਤਾ ਗੁਜਰੀ ਦੇ ਪੋਤੇ
ਦੋ ਚਮਕੌਰ ਚ ਲੜੇ
ਦੋ ਨੀਆਂ ਚ ਖੂਲੋਤੇ

ਸਵਾ ਸਵਾ ਲੱਖ ਨਾਲ ਕੱਲੇ ਨੂੰ ਲੜਾਇਆ
ਭਾਣੇਂ ਵਿੱਚ ਰਹਿ ਗੁਰੂ ਨੇ ਸ਼ੁਕਰ ਮਨਾਇਆ
ਹੱਥੀਂ ਆਪ ਤੋਰੇ ਸੀ ਜਿਗਰ ਦੇ ਟੋਟੇ
ਗੁਰੂ ਜੀ ਦੇ ਲਾਲ
ਮਾਤਾ ਗੁਜਰੀ ਦੇ ਪੋਤੇ
ਦੋ ਚਮਕੌਰ ਚ ਲੜੇ
ਦੋ ਨੀਆਂ ਚ ਖੂਲੋਤੇ

ਕਹਿਰ ਗੰਗੂੰ ਨੇ ਕਮਾਇਆ
ਮਸੂਮਾਂ ਨੂੰ ਕੈਦ ਸੀ ਕਰਵਾਇਆ
ਭਾਗ ਹੋ ਗਏ ਤੇਰੇ ਗੰਗੂਆ ਉਏ ਖੋਟੇ
ਗੁਰੂ ਜੀ ਦੇ ਲਾਲ
ਮਾਤਾ ਗੁਜਰੀ ਦੇ ਪੋਤੇ
ਦੋ ਚਮਕੌਰ ਚ ਲੜੇ
ਦੋ ਨੀਆਂ ਚ ਖੂਲੋਤੇ

ਉਮਰ ਨਿਆਣੀ ਤੇ ਹੌਸਲੇ ਬੁਲੰਦ ਸੀ
ਚਿਣ ਦਿੱਤੀ ਉੱਚੀ ਵੈਰੀਆਂ ਨੇ ਕੰਧ ਸੀ
ਸਿੱਧੂ ਕਿਵੇਂ ਸਿਫ਼ਤਾਂ ਲਿਖੇ ਮੇਰੇ ਮੁੱਕ ਗਏ ਨੇ ਪੋਟੇ
ਗੁਰੂ ਜੀ ਦੇ ਲਾਲ
ਮਾਤਾ ਗੁਜਰੀ ਦੇ ਪੋਤੇ
ਦੋ ਚਮਕੌਰ ਚ ਲੜੇ
ਦੋ ਨੀਆਂ ਚ ਖੂਲੋਤੇ

ਮੀਤੇ ਜੰਗ ਦੇ ਮੈਦਾਨ ਵਿੱਚ ਲਾਉਂਦੇ ਸੀ ਜੈਕਾਰੇ
ਲਾੜੀ ਮੌਤ ਨਾਲ ਸੀ ਵਿਆਹੇ ਪੁੱਤ ਚਾਰੇ
ਨਾ ਬੰਨੇ ਸੇਹਰੇ ਨਾ ਚੁੰਨੀਆਂ ਨੂੰ ਗੋਟੇ
ਗੁਰੂ ਜੀ ਦੇ ਲਾਲ
ਮਾਤਾ ਗੁਜਰੀ ਦੇ ਪੋਤੇ
ਦੋ ਚਮਕੌਰ ਚ ਲੜੇ
ਦੋ ਨੀਆਂ ਚ ਖੂਲੋਤੇ

## ——ਸਰਸਾ ਦੀਏ ਨਦੀਏ——







ਤੈਨੂੰ ਲਾਹਨਤਾਂ ਪੈਂਦੀਆਂ ਨੇ, ਸਰਸਾ ਦੀਏ ਨਦੀਏ ਨੀ,
ਆਖਰ ਤੂੰ ਵੀ ਤਾਂ, ਰੱਜ ਕੇ, ਕਹਿਰ ਗੁਜਾਰਿਆ ਸੀ।
ਜੇ ਨੰਦਾਂ ਦੀ ਪੁਰੀ ਨੂੰ ਛੱਡ ਕੇ,ਆਣ ਬੈਠੇ ਸੀ ਤੇਰੇ ਕੰਢੇ,
ਤੈਥੋਂ ਕਿਉਂ ਨਾ ਪਾਪਣੇ, ਗਿਆ ਸਹਾਰਿਆ ਸੀ।
ਠੰਢ ਕਹਿਰ ਦੀ ਰਾਤ ਪੋਹ ਦੀ ਸੀ ਸੀਤ ਠੰਢੀ,
ਤੂੰ ਕਰਨਾ ਸੀ ਧੋਖਾ,ਪਹਿਲਾਂ ਹੀ ਮਨ ਵਿੱਚ ਧਾਰਿਆ ਸੀ
ਤੇਰਾ ਤਪਦਾ ਹਿਰਦਾ,ਕਿਉਂ ਨਾ ਉੱਦੋ ਸ਼ਾਂਤ ਹੋਇਆ,
ਕੀਰਤਨ ਆਸਾ ਦੀ ਵਾਰ ਦਾ ਤੇਰੇ ਕੰਢੇ ਤੇ ਉਚਾਰਿਆ ਸੀ।
ਕਿਹੜੇ ਜਨਮਾਂ ਦਾ ਕਲਗੀਆਂ ਵਾਲੇ ਤੋਂ, ਤੂੰ ਲਿਆ ਬਦਲਾ,
ਜਖਮੀ ਸੱਪ ਵਾਂਗਰਾ ਉੱਛਲ ਕੇ ਤੂੰ ਫੂੰਕਾਰਿਆ ਸੀ।
ਤੇਜ ਹਵਾ ਨਾਲ ਰਲ ਕੇ ਤੇ,ਮਾਰੀਆਂ ਤੂੰ ਖੂਬ ਛੱਲਾਂ,
ਬੇਸ਼ੁਮਾਰ ਕੀਮਤੀ ਸਮਾਨ ਟੋਹ ਟੋਹ ਕੇ ਤੂੰ ਖਿਲਰਿਆ ਸੀ।
ਖਾਲਸੇ ਪੰਥ ਦਾ ਜੇ ਤੂੰ ਕਹਿੰਨੀ ਐਂ ਬੜਾ ਨੁਕਸਾਨ ਕੀਤਾ,
ਕਲਗੀਆਂ ਵਾਲੇ ਨੇ ਫਿਰ ਵੀ ਹੌਂਸਲਾ ਨਹੀਂ ਹਾਰਿਆ ਸੀ ।
ਦਸ਼ਮੇਸ਼ ਪਿਤਾ ਦਾ ਪਰਿਵਾਰ ਕਰ ਖੇਰੂੰ ਖੇਰੂੰ ਤੂੰ ਦਿੱਤਾ,
ਅਨੰਦਪੁਰ ਸਾਹਿਬ ਛੱਡ ਕੇ ਰਸਤੇ ਆਪਣੇ ਜਾ ਰਿਹਾ ਸੀ।
ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਵਿਛੜਨਗੇ ਐਂਦਾ ?
ਹੋਇਆ ਉਹ ਜਿਹੜਾ, ਕਦੇ ਨਾ ਮਨ ਚ ਵਿਚਾਰਿਆ ਸੀ।
ਉਸ ਦਿਨ ਤੋਂ ਵੀਰਿਆ ਨਾ ਪਰਿਵਾਰ ਦਾ ਮੇਲ ਹੋਇਆ,
ਲੋਹੜਾ ਜਿਸ ਦਿਨ ਤੋਂ ਸਰਸਾ ਨਦੀਏ ਤੂੰ ਮਾਰਿਆ ਸੀ ।
ਲੋਹੜਾ ਜਿਸ ਦਿਨ ਤੋਂ ਸਰਸਾ ਨਦੀਏ ਤੂੰ ਮਾਰਿਆ ਸੀ ।

## ਛੋਟੇ ਸਾਹਿਬਜ਼ਾਦੇ ਸਾਕਾ



ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਦੀ ਸਭ ਤੋਂ ਦਰਦਨਾਕ ਘਟਨਾ ਹੈ। ਅਤੇ ਦਿਲ ਨੂੰ ਝੰਜੋੜ ਕਰ ਦੇਣ ਵਾਲੇ ਪਾਪ ਦਾ ਵਿਸਥਾਰ।
ਛੋਟੇ ਸਾਹਿਬਜ਼ਾਦਿਆਂ ਨੂੰ ਮੁਗਲ ਹਾਕਮਾਂ ਨੇ ਦੀਵਾਰ ਵਿਚ ਜਿੰਦਾ ਜਿਣਵਾ ਦਿੱਤਾ।
ਕਿਉ ਫੜੀ ਸਿਪਾਹੀਆਂ ਨੇ ਹੰਸਾ ਦੀ ਜੋੜੀ।
ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ।
ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਅਨੰਦਪੁਰ ਛੋੜਦੇ ਵਕਤ ਸਰਸਾ ਨਦੀ ਪਾਰ ਹੋਏ।
ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਵਿਛੜ ਗਿਆ
ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਅਲੱਗ ਗੰਗੂ ਰਸੋਈਏ ਨਾਲ ਸਨ। ਜੋ ਰਸੋਈਏ ਨੇ ਲਾਲਚ ਵਿਚ ਆ ਕੇ ਸੂਬਾ ਸਰਹਿੰਦ ਨੂੰ ਖਬਰ ਕਰਕੇ ਪਕੜ ਵਾ ਦਿੱਤੇ।
ਛੋਟੇ ਸਾਹਿਬਜ਼ਾਦੇ ਦੀ ਵੀਰਤਾ ਸਿਖਾਂ ਦੇ ਇਤਿਹਾਸ ਦਾ ਸੁਨਹਿਰਾ ਪੰਨਾ ਹੈ। ਧਰਮ ਲਈ ਬਲਿਦਾਨ ਦਿੱਤਾ। ਗੁਰੂ ਗੋਬਿੰਦ ਸਿੰਘ ਦੇ ਚਾਰੋਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ ਜਾਨ ਕਿਆ ਹੈ।
27ਦਸਬੰਰ1704 ਵਿਚ ਗੁਰੂ ਗੋਬਿੰਦ ਸਿੰਘ ਦੇ ਦੋ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਜੀ ਨੂੰ ਇਸਲਾਮ ਧਰਮ ਕਬੂਲ ਨ ਕਰਨ ਤੇ ਸਰਹਿੰਦ ਦੇ ਸੂਬੇ ਨੇ ਨੀਹਾਂ ਵਿਚ ਚਿਣਵਾ ਦਿੱਤਾ।
ਸਾਹਿਬਜ਼ਾਦਿਆਂ ਨੂੰ ਜਦੋਂ ਯਾਦ ਕਰਦੀ ਹੈ ਸੰਗਤ ਇਹ ਹੀ ਮੂੰਹ ਤੋਂ ਨਿਕਲਦਾ ਹੈ। ਨਿਕੀਆਂ ਜ਼ਿੰਦਾ ਵੱਡਾ ਸਾਕਾ।
ਜਦੋਂ ਸਰਸਾ ਨਦੀ ਪਾਰ ਕਰਦੇ ਹੋਏ ਮੁਗਲਾਂ ਨੇ ਬਦਲਾ ਲੈਣ ਵਾਸਤੇ ਸਰਸਾ ਨਦੀ ਵਿਚ ਹੀ ਹਮਲਾ ਕਰ ਦਿੱਤਾ।
ਗੁਰੂ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ।
ਸ਼ਹੀਦੀ ਹਫਤਾ20 ਤੋਂ 27ਦਸਬੰਰ ਨੂੰ ਸਿੱਖ ਕੌਮ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਹਫਤਾ ਮਨਾਉਦੀ ਹੈ। ਸਿੱਖਾਂ ਵਿਚ ਇਹ ਨੌਂ ਦਿਨ ਕੋਈ ਖੁਸ਼ੀ ਦਾ ਕੰਮ ਨਹੀਂ ਕਰਦਾ।ਸਾਡੇ ਵਾਸਤੇ ਤਾਂ ਪੂਰਾ ਦਸੰਬਰ ਹੀ ਸ਼ਹੀਦੀ ਮਹਿਨਾ ਮਨਿਆਂ ਜਾਂਦਾ ਹੈ। ਇਸੇ ਮਹਿਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ।
ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਵਾਸਤੇ ਆਪਣੇ ਪੁੱਤਰ ਵਾਰ ਦਿੱਤੇ ਮਾਤਾ ਵੀ ਵਾਰੀ ਪਿਤਾ ਵੀ ਵਾਰਿਆ। ਤਾਂ ਹੀ ਸਰਬੰਸ ਦਾਨੀ ਕਿਹਾ ਜਾਂਦਾ ਹੈ।
ਇਸ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ ਸ਼ਹੀਦਾਂ ਨੂੰ।

## ਜੈ-ਜੈ ਚਾਰੇ ਸਾਹਿਬਜ਼ਾਦੇ






ਕੋਟ ਕੋਟ ਹੈ ਮੇਰਾ ਨਮਨ ਬਲੀਦਾਨੀ ਸਾਹਿਬਜ਼ਾਦਿਆਂ ਨੂੰ।
ਜ਼ੁਲਮ ਸਹਾਰਿਆ, ਬਲੀਦਾਨ ਦਿੱਤਾ, ਨਾ ਛੱਡਿਆ ਦ੍ਰਿੜ ਇਰਾਦਿਆਂ ਨੂੰ।
20 ਦਸੰਬਰ ਦੇ ਉਸ ਦਿਨ ਹੋ ਰਹੀ ਸੀ ਬਾਰਿਸ਼ ਜ਼ੋਰਦਾਰ।
ਆਨੰਦਪੁਰ ਦਾ ਕਿਲ੍ਹਾ ਛੱਡ ਕੇ ਚੱਲ ਪਏ ਗੁਰੂ ਜੀ ਲੈ ਪਰਿਵਾਰ।
1704 ਈਸਵੀ ਸੰਨ ਦੀ ਉਹ ਰਾਤ ਭਿਆਨਕ ਸੀ ਕਾਲ਼ੀ।
400 ਸੈਨਿਕ ਨਾਲ਼ ਗੁਰਾਂ ਦੇ, ਦੁਸ਼ਮਣ ਤੋਂ ਕਰਦੇ ਰਖਵਾਲੀ।
25 ਕਿਲੋਮੀਟਰ ਚੱਲ ਕੇ ਜਦੋਂ ਪਹੁੰਚੇ ਸਰਸਾ ਨਦੀ ਕਿਨਾਰੇ।
ਮੁਗ਼ਲਾਂ ਦੀ ਸੈਨਾ ਆ ਧਮਕੀ, ਸਿੰਘ ਪੈ ਗਏ ਉਨ੍ਹਾਂ ਤੇ ਭਾਰੇ।
ਹੋਏ ਅਚਾਨਕ ਹਮਲੇ ਨਾਲ਼ ਫ਼ੈਲ ਗਈ ਹਫੜਾ-ਦਫੜੀ।
ਗੁਰੂ-ਪਰਿਵਾਰ ਬਚਾਵਣ ਦੇ ਲਈ, ਸਿੰਘ ਹੋ ਗਏ ਸ਼ਹੀਦ ਕਾਫ਼ੀ।
ਓਸ ਰਾਤ ਗੁਰੂ ਜੀ ਦੇ ਨਾਲ਼ ਰਹਿ ਗਏ ਸਾਹਿਬਜ਼ਾਦੇ ਅਜੀਤ ਤੇ ਜੁਝਾਰ।
ਸਿੰਘ ਬਚੇ ਕੇਵਲ ਚਾਲ਼ੀ, ਜਿਨ੍ਹਾਂ ਤੇ ਸੀ ਸਭ ਦਾਰੋਮਦਾਰ।
ਚਮਕੌਰ ਦਾ ਯੁੱਧ ਹੋਇਆ ਸੈਨਿਕਾਂ ਨੇ ਖ਼ੂਬ ਤਰਥੱਲੀ ਮਚਾਈ।
ਨਾਲ਼ ਅਜੀਤ ਜੁਝਾਰ ਸ਼ਹੀਦ ਹੋਏ, ਪਰ ਵੈਰੀ ਨੂੰ ਨਾ ਪਿੱਠ ਵਿਖਾਈ।
ਗੰਗੂ ਦੀ ਚਾਲ ਨਾਲ਼ ਕੈਦ ਕਰ ਲਿਆ ਜ਼ੋਰਾਵਰ, ਫਤਹਿਥੇ ਮਾਂ ਗੁਜਰੀ।
ਖ਼ੂਬ ਡਰਾਇਆ ਧਰਮ ਬਦਲੋ, ਨਾ ਲਾਲ ਡਰੇ ਨਾ ਮਾਂ ਡਰੀ।
ਸਾਹਿਬਜ਼ਾਦੇ ਰਹੇ ਨਿਡਰ, ਕਿਹਾ ਧਰਮ ਨਹੀਂ ਛੱਡਾਂਗੇ ਆਪਣਾ।
ਸੁਣ ਲੈ ਸੂਬਿਆ ਕੰਨ ਖੋਲ੍ਹ ਕੇ, ਐਵੇਂ ਨਾ ਵੇਖ ਕੋਈ ਸੁਪਨਾ।
ਜਿਉਂਦੇ ਨੀਹਾਂ ਵਿੱਚ ਚਿਣ ਦਿੱਤੇ ਗਏ, ਹੱਸਦੇ-ਹੱਸਦੇ ਦੋਵੇਂ ਭਾਈ।
ਨਾ ਆਪਣਾ ਧਰਮ ਛੱਡਿਆ, ਨਾ ਡੋਲੇ, ਦੋਹਾਂ ਇਕੱਠਿਆਂ ਸ਼ਹੀਦੀ ਪਾਈ।
ਮਾਂ ਗੁਜਰੀ ਨੇ ਖਬਰ ਸੁਣੀ ਤਾਂ ਰੱਬ ਦਾ ਸ਼ੁਕਰ ਮਨਾਇਆ।
ਸੱਚਖੰਡ ਜਾ ਪਹੁੰਚੀ ਲਾਲਾਂ ਨਾਲ਼ ਤੇ ਸਿੱਖੀ ਸਿਦਕ ਨਿਭਾਇਆ।
ਕੋਟ ਕੋਟ ਹੈ ਨਮਨ ਉਨ੍ਹਾਂ ਦੇ ਚਰਨਾਂ ਵਿੱਚ ਜੋ ਜਾਨ ਧਰਮ ਤੋਂ ਵਾਰ ਗਏ।
ਹਨ ਧੰਨ ਗੁਰੂ ਗੋਬਿੰਦ ਸਿੰਘ ਜੋ ਬੋਲੇ: ਕੀ ਹੋਇਆ ਜੇ ਚਾਰ ਗਏ।
ਜੈ-ਜੈ ਚਾਰੇ ਸਾਹਿਬਜ਼ਾਦੇ, ਜੈ ਮਾਂ ਗੁਜਰੀ ਦਾ ਬਲੀਦਾਨ।
ਅਜਿਹੇ ਯੋਧਿਆਂ ਕਰਕੇ ਹੈ ਹਿੰਦੂਤਵ ਸੁਰੱਖਿਅਤ ਤੇ ਹਿੰਦੋਸਤਾਨ।
ਅਸੀਂ ਰਿਣੀ ਹਾ ਉਨ੍ਹਾਂ ਸੂਰਬੀਰਾਂ ਦੇ, ਤੇ ਉਨ੍ਹਾਂ ਨੂੰ ਸੀਸ ਝੁਕਾਉਂਦੇ ਹਾਂ।
ਜਿਨ੍ਹਾਂ ਦੀਆਂ ਕੁਰਬਾਨੀਆਂ ਕਰਕੇ ਅਸੀਂ ਸਭ ਮਾਣ ਨਾਲ਼ ਹਿੰਦੂ ਅਖਵਾਉਂਦੇ ਹਾਂ।

## ਵੱਡੇ ਸਾਹਿਬਜ਼ਾਦੇ






ਸਰਸਾ ਸਮੇਤ 10 ਲੱਖ ਜਦੋ ਚੜ ਆਏ,,
ਦਿਨ ਉਦੋਂ ਹੌਲੀ ਹੌਲੀ ਉਦੇ ਹੋਣ ਲੱਗਿਆ।।
ਪੈ ਗਿਆ ਵਿਛੋੜਾ ਸੱਚੀ ਸਾਰੇ ਪਰਿਵਾਰ ਦਾ,,
ਸਰਸਾ ਦਾ ਪਾਣੀ ਨੱਕੋ ਨੱਕ ਜਦੋਂ ਵੱਗਿਆ।।

ਅਨੰਦਪੁਰ ਵਾਲਾ ਪਾਸਾ ਭਾਈ ਜੈਤੇ ਮੱਲ ਕੇ,,
ਮਾਰ ਮਾਰ ਵੈਰੀਆਂ ਨੂੰ ਖਿੱਲਾਂ ਵਾਂਗੂੰ ਭੁੰਨ ਦਿੱਤਾ।।
ਕੋਟਲੇ ਸਰਹੰਦ ਅਤੇ ਰੋਪੜੀ ਵੀ ਚੜ ਆਏ,,
ਬਚਿੱਤਰ ਸਿੰਘ ਨੇ ਵੀ ਲੋਹਾ ਹਿੱਕਾਂ ਵਿੱਚ ਤੁੰਨ ਦਿੱਤਾ।।

ਮਲਕਪੁਰ ਰੰਗੜਾਂ ਦੀ ਜੂਹ ਚ ਜੋ ਜੰਗ ਹੋਈ,,
ਸਾਂਝੀਆਂ ਫੌਜਾਂ ਦਾ ਉੱਥੇ ਕੀਤਾ ਸੀ ਤਬਾਦਲਾ,,

ਇੱਕੋ ਸਮੇਂ ਤਿੰਨ ਸੀ ਲੜਾਈਆਂ ਹੋਈ ਜਾਂਦੀਆਂ,,
ਧੰਨ ਸੀ ਉਹ ਸੂਰਬੀਰ ਕਰ ਗਏ ਮੁਕਾਬਲਾ।।

3 ਸੌ ਸ਼ਹੀਦ ਸਿੰਘ ਸਰਸਾ ਦੇ ਕੰਢੇ ਹੋਏ,,
ਬਚੇਆਂ ਨੇ ਵੱਖਰੇ ਟਿਕਾਣਿਆਂ ਨੂੰ ਮੱਲਿਆ,,
ਬਾਪੂ ,ਵੱਡੇ ਸਾਹਿਬਜ਼ਾਦੇ ,ਦਾਨ ਸਿੰਘ, ਦਇਆ ਸਿੰਘ,,
ਅਮਰ ,ਮੁਕੰਦ, 40 ਚਮਕੌਰ ਗੜੀ ਚੱਲੇ ਆ।।


ਅੱਠ ਪੋਹ ਨੂੰ ਕੀਤੀਆਂ ਤਿਆਰੀਆਂ ਸ਼ਹੀਦੀ ਦੀਆਂ,,
ਅਜੀਤ ਸਿੰਘ ਆਣ ਗੁਰੂ ਪਿਤਾ ਕੋਲ ਖਲੋ ਗਏ।।
ਕੀਤੀ ਨਮੋ ਬੰਦਨਾ ਜੀ ਵੱਡੇ ਫਰਜੰਦ ਨੇ,,
ਜੁੜੇ ਦੰਦ ਵੈਰੀਆਂ ਦੇ ਕੱਖੋਂ ਹੌਲੇ ਹੋ ਗਏ।।

10 ਲੱਖ ਫੌਜਾਂ ਚੋਂ ਪਹਾੜੀਏ ਨਵਾਬ ਕਹਿਣ,,
ਇੱਕ ਇੱਕ ਮੁੱਠ ਸੁੱਟੋ ਕੱਚੀ ਇਸ ਗੜੀ ਤੇ ।।
ਦੱਬ ਜਾਣੇ ਸਿੰਘ ਅਤੇ ਸਣੇ ਹਿੰਦ ਗੁਰੂ ਸਾਰੇ,,
ਵੇਖ ਲਿਓ ਗੜੀ ਵਿੱਚੋਂ ਸਿੰਘ ਫਿਰ ਫੜੀ ਦੇ।।

ਗੁਰੂ ਪਿਤਾ ਕੋਲੋਂ ਲੈ ਕੇ ਥਾਪੜਾ ਅਜੀਤ ਸਿੰਘ,,
ਚੱਲਿਆ ਏ ਵੈਰੀਆਂ ਨੂੰ ਪਾੜਨ ਦੇ ਵਾਸਤੇ।।
ਹੰਕਾਰ ਨਾਲ ਭਰੇ ਹੋਏ ਪਹਾੜੀਏ ਨਵਾਬ ਲੋਕ,,
ਤਿਆਰ ਬੈਠੇ ਤੀਰ ਤੇਗਾਂ ਝਾੜਨ ਦੇ ਵਾਸਤੇ।।

ਛੇ ਫੁੱਟਾ ਗੱਭਰੂ ਜੁਆਨ ਹੱਥ ਨੇਜਾ ਲੈ ਕੇ,,
ਜੰਗ ਚ ਅਜੀਤ ਸਿੰਘ ਫਿਰੇ ਵੈਰੀ ਪਾੜਦਾ,,
ਜਾਨ ਨੀ ਪਿਆਰੀ ਉਹਨੂੰ ਸਾਹਮਣੇ ਹੀ ਭੱਜਾ ਆਉਂਦਾ,,
ਮੁਗਲਾਂ ਪਹਾੜੀਆਂ ਨੂੰ ਫਿਰਦਾ ਸੀ ਤਾੜਦਾ।।

## ਪੋਹ ਦਾ ਮਹੀਨਾ







ਲਿਖ ਨਾ ਸਕਦੀ ਕਾਨੀ ਮੇਰੀ, ਬਲ਼ ਉੱਠਦਾ ਹੈ ਸੀਨਾ।
ਸਮੇਂ-ਸਮੇਂ ਤੇ ਚੇਤੇ ਆਵੇ, ਪੋਹ ਦਾ 'ਉਹੀ' ਮਹੀਨਾ।
ਕੀ ਆਖਾਂ ਦਸ਼ਮੇਸ਼ ਪਿਤਾ ਨੇ, ਕਿੰਨੇ ਸਿਤਮ ਸਹਾਰੇ।
ਜਿਗਰ ਦੇ ਟੋਟੇ ਜਿਸਨੇ ਆਪਣੇ, ਦੇਸ਼-ਕੌਮ ਤੋਂ ਵਾਰੇ।
ਛੇ ਪੋਹ ਦੀ ਉਸ ਰਾਤ ਗੁਰੂ ਜੀ, ਆਨੰਦਪੁਰ ਤੋਂ ਚੱਲੇ।
ਤੋੜ ਕੇ ਕਸਮਾਂ, ਪਾ ਕੇ ਘੇਰਾ, ਮੁਗ਼ਲਾਂ ਕੀਤੇ ਹੱਲੇ।
ਠਿਲ੍ਹ ਪਏ ਸਰਸਾ ਨਦੀ 'ਚ ਤੇ, ਪਰਿਵਾਰ ਵਿਛੜਿਆ ਸਾਰਾ।
ਗੜ੍ਹੀ ਕੱਚੀ ਚਮਕੌਰ ਪਹੁੰਚ ਕੇ, ਸਤਿਗੁਰ ਕੀਤਾ ਉਤਾਰਾ।
ਵੱਡੇ ਪੁੱਤਰਾਂ ਤੇ ਸਿੰਘਾਂ, ਚਮਕੌਰ ਸ਼ਹੀਦੀ ਪਾਈ।
ਦੋ ਛੋਟਿਆਂ ਸਰਹਿੰਦ ਦੀ ਨੀਂਹ ਵਿੱਚ, ਅੰਤਿਮ ਫ਼ਤਹਿ ਬੁਲਾਈ।
ਮਾਛੀਵਾੜੇ ਜੰਗਲ ਵਿੱਚ ਸੀ, ਇੱਟ ਦਾ ਲਾਇਆ ਸਿਰ੍ਹਾਣਾ।
ਵਾਰ ਦਿੱਤਾ ਸਰਬੰਸ ਸਾਰਾ, ਤੇ ਰੱਬ ਦਾ ਮੰਨਿਆ ਭਾਣਾ।
ਪੋਹ ਦੇ 'ਓਸ' ਮਹੀਨੇ ਦੀ ਹੈ, ਗਾਥਾ ਦਰਦ-ਰੰਞਾਣੀ।
ਵਾਰ ਕੇ ਪੰਜ ਜੀਅ, ਗੁਰੂ ਪਿਤਾ ਦੇ, ਅੱਖੋਂ ਨਾ ਡਿੱਗਿਆ ਪਾਣੀ।
ਕਲਗੀ ਵਾਲ਼ੇ ਸਤਿਗੁਰ ਦੱਸਿਆ, ਚੱਲਣਾ "ਹੁਕਮ ਰਜਾਈ"।
ਨਾਲ਼ ਅਣਖ ਦੇ ਜੀਣ-ਮਰਨ ਦੀ, ਸਾਨੂੰ ਜਾਚ ਸਿਖਾਈ।

## ਬਖ਼ਸ਼ ਦਿਓ ਔਗੁਣ ਦਸ਼ਮੇਸ਼ ਪਿਤਾ ਜੀ







ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਬਣਾ ਕੇ।
ਮਾਨਵਤਾ ਨੂੰ ਸੱਚੇ ਸ਼ਬਦ ਗੁਰੂ ਲੜ ਲਾ ਦਿੱਤਾ।
ਰੂਹਾਨੀਅਤ ਦੇ ਸੱਚੇ ਮਾਰਗ ਰਾਹ ਪਾ ਦਿੱਤਾ।
ਜਾਤ ਪਾਤ ਊਚ ਨੀਚ ਦਾ ਭਰਮ ਮਿਟਾ ਦਿੱਤਾ।

ਸਭਨਾ ਅੰਦਰ ਇੱਕੋ ਰੱਬੀ ਜੋਤ ਸਮਝਾ ਦਿੱਤਾ।
ਖਾਲਸੇ ਨੂੰ ਵਿਸ਼ਵ ਵਿੱਚ ਵਿਲੱਖਣ ਬਣਾ ਦਿੱਤਾ।
ਸੇਵਾ ਭਾਵਨਾ ਰੱਬ ਦਾ ਸ਼ੁਕਰਾਨਾ ਸਮਝਾ ਦਿੱਤਾ।
ਪ੍ਰਭੂ ਮਿਲਾਪ ਸੱਚੇ ਪ੍ਰੇਮ ਦਾ ਰਾਹ ਦਰਸਾ ਦਿੱਤਾ।

ਤੁਸਾਂ ਲੱਖਾਂ ਦਾ ਅਮੋਲਕ ਬਣਾਇਆ ਖਾਲਸਾ।
ਅਸੀਂ ਨਿੱਜ ਲਈ ਕੌਡੀਆਂ ਤੇ ਵਿਕਣ ਲੱਗ ਗੇ।
ਟੂਣੇ ਟਾਮਣ ਮੜੀਆਂ ਮਸਾਣਾ ਪੂਜਣ ਲੱਗ ਗਏ।

ਤੇਰੇ ਦਰ ਨੂੰ ਛੱਡ ਡੇਰਿਆਂ ਤੇ ਵਿਕਣ ਲੱਗ ਗਏ।

ਕਲਯੁਗ ਘੋਰ ਹਨੇਰੀ ਵਿੱਚ ਉੱਡਣ ਲੱਗ ਗਏ।
ਅਸੀਂ ਨਸ਼ੇ ਦਰਿਆਵਾਂ ਵਿੱਚ ਰੁੜਨ ਲੱਗ ਗਏ।
ਤੇਰੇ ਸਿੱਖੀ ਬਾਣੇ ਤੋਂ ਕਿਨਾਰਾ ਕਰਨ ਲੱਗ ਗਏ।
ਘੋਰ ਵਿਕਾਰਾਂ ਦਲਦਲ ਵਿੱਚ ਧਸਣ ਲੱਗ ਗਏ।

ਧੁਰ ਕੀ ਬਾਣੀ ਸੰਗ ਸੱਚੀ ਦਰਗਾਹ ਸੀ ਜਾਣਾ ,
ਓਹੀ ਬਾਣੀ ਦਾ ਬਾਬੇ ਕਰਨ ਵਪਾਰ ਲੱਗ ਗਏ।
ਧੀਆਂ ਭੈਣਾਂ ਇੱਜਤਾਂ ਲਈ ਕੁਰਬਾਨ ਹੋ ਜਾਣਾ ,
ਓਹੀ ਕੌਮ ਭਰੂਣ ਹੱਤਿਆ ਕਰਾਉਣ ਲੱਗ ਗਏ।

ਜਾਤਾਂ ਪਾਤਾਂ ਤੋਂ ਉੱਪਰ ਬਣਾਇਆ ਜੋ ਖ਼ਾਲਸਾ।
ਜਾਤਾਂ ਪਾਤਾਂ ਤੇ ਗੁਰੂਘਰ ਬਣਾਉਣ ਲੱਗ ਗਏ।
ਖ਼ਾਲਸਾ ਕੌਮ ਉੱਪਰ ਦੁਨੀਆਂ ਕਰਦੀ ਹੈ ਭਰੋਸਾ।
ਖਾਲਸਾ ਕੌਮ ਦੇ ਗਦਾਰ ਧੋਖਾ ਦੇਣ ਲੱਗ ਗਏ।

ਤੇਰੇ ਦਰ ਦੇ ਧੱਕੇ ਦੀ ਦਾਤਾ ਨਾ ਕੋਈ ਬਾਂਹ ਫੜੇ।
ਤੇਰੇ ਦਰ ਦੇ ਬਖ਼ਸ਼ੇ ਨੂੰ ਦਾਤਾ ਨਾ ਕੋਈ ਰੋਕ ਸਕੇ।
ਤੇਰੀ ਮਿਹਰ ਨਾਲ ਦਾਤਾ ਸਿਫ਼ਤ ਸਾਲਾਹ ਹੋ ਸਕੇ।
ਤੇਰੀ ਨਦਰਿ ਨਾਲ ਦਾਤਾ ਰੂਹਾਨੀ ਪੌੜੀ ਚੜ ਸਕੇ।

ਇਕਬਾਲ ਔਗੁਣ ਭਰਿਆ ਦਿਲੋਂ ਅਰਦਾਸ ਕਰੇ।
ਦਸ਼ਮੇਸ਼ ਪਿਤਾ ਜੀ ਫੜੋ ਬਾਂਹ ਰੋ ਰੋ ਬੇਨਤੀ ਕਰੇ।
ਮੈਂ ਅਜਾਣ ਅਗਿਆਨੀ ਮੱਤਹੀਣ ਫਰਿਆਦ ਕਰੇ।
ਬਖ਼ਸ਼ ਦਿਓ ਔਗੁਣ ਮੇਰੇ ਦਿਲ ਤੋਂ ਅਰਦਾਸ ਕਰੇ।

## ਨਾਮ ਅਜੀਤ ਜੀ






ਜਿੰਦਾਂ ਨੇ ਨਿੱਕੀਆਂ ਭਾਵੇਂ, ਵੱਡੇ ਨੇ ਸਾਡੇ ਜੇਰੇ,
ਵਾਰਿਸ ਹਾਂ ਸਿੱਖ ਪੰਥ ਦੇ, ਗੋਬਿੰਦ ਜੀ ਲਾਲ ਹਾਂ ਤੇਰੇ,
ਜਾਵਾਂ ਮੈਂ ਵਿੱਚ ਮੈਦਾਨੇ, -2,ਦੇਵੋ ਅਸੀਸ ਜੀ,
ਹੋਣਾ ਨਹੀਂ ਜਿੱਤ ਕਿਸੇ ਤੋਂ, ਨਾਮ ਅਜੀਤ ਜੀ,
ਹੋਣਾ ਨਹੀਂ ਜਿੱਤ ਕਿਸੇ ਤੋਂ ,ਨਾਮ ਅਜੀਤ ਜੀ,
ਭੱਜਦਿਆਂ ਨੂੰ ਵਾਹਣ ਨਾ ਲੱਭਣੇ, ਗਿੱਦੜਾਂ ਦੀਆਂ ਡਾਰਾਂ ਨੂੰ,
ਜਾਬਰ ਦੇ ਜ਼ੁਲਮ ਨੂੰ ਡੱਕਣਾ, ਅਸਾਂ ਫ਼ੜ ਕੇ ਸ਼ਮਸ਼ੀਰਾਂ ਨੂੰ ,
ਸੀਨੇ ਵਿੱਚ ਅਗਨ ਜੋ ਭੜਕੇ-2,ਹੋਵੇ ਨਾ ਸੀਤ ਜੀ,
ਹੋਣਾ ਨਹੀਂ ਜਿੱਤ ਕਿਸੇ ਤੋਂ ,ਨਾਮ ਅਜੀਤ ਜੀ,

ਹੋਣਾ ਨਹੀਂ ਜਿੱਤ ਕਿਸੇ ਤੋਂ ,ਨਾਮ ਅਜੀਤ ਜੀ,
ਕੱਲੇ ਨੇ ਸਵਾ ਲੱਖ ਤੇ, ਪੈਣਾ ਹੈ ਮੈਂ ਤਾਂ ਭਾਰੀ
ਠੋਲ੍ਹਆਂ ਦੇ ਵਾਂਗ ਖਿੰਡਣਗੇ, ਕੱਟੇ ਸਿਰ ਨਾਲ਼ ਕਟਾਰੀ,
ਵੈਰੀ ਨੇ ਭੱਜ ਉੱਠਣਾ-2,ਹੋ ਕੇ ਭੈ ਭੀਤ ਜੀ,
ਹੋਣਾ ਨਹੀਂ ਜਿੱਤ ਕਿਸੇ ਤੋਂ ,ਨਾਮ ਅਜੀਤ ਜੀ
ਹੋਣਾ ਨਹੀਂ ਜਿੱਤ ਕਿਸੇ ਤੋਂ, ਨਾਮ ਅਜੀਤ ,
ਹਰ ਪਾਸੇ ਪਈਆਂ ਖਿੱਲਰੀਆਂ ਲੋਥਾਂ ਹੀ ਲੋਥਾਂ ਨੇ,
ਵਿੰਨ੍ਹੇ ਨੇ ਪਏ ਕਲੇਜੇ, ਤੀਰਾਂ ਦੀਆਂ ਨੋਕਾਂ ਨੇ,
ਲੜ੍ਹਦੇ ਪਏ ਨਾਲ਼ ਦਲੇਰੀ -2,ਡੋਲੇ ਨਾ ਚੀਤ ਜੀ,
ਹੋਣਾ ਨਹੀਂ ਜਿੱਤ ਕਿਸੇ ਤੋਂ, ਨਾਮ ਅਜੀਤ ਜੀ ,
ਹੋਣਾ ਨਹੀਂ ਜਿੱਤ ਕਿਸੇ ਤੋਂ,ਨਾਮ ਅਜੀਤ ਜੀ,
ਰੱਖ ਕੇ ਸਿਰ ਤਲੀ ਤੇ ਰੱਖਣਾ, ਯੋਧਿਆਂ ਦੀ ਰਹੀ ਹੈ ਆਦਤ,
ਦਾਦਿਆਂ ਪੜਦਾਦਿਆਂ ਕੋਲ਼ੋਂ, ਵਿਰਸੇ ਵਿੱਚ ਮਿਲੀ ਸ਼ਹਾਦਤ,
ਆਪਾਂ ਮੈਂ ਵਾਰ ਦਿਖਾਵਾਂ-2, ਟੁੱਟੇ ਨਾ ਰੀਤ ਜੀ,
ਹੋਣਾ ਨਹੀਂ ਜਿੱਤ ਕਿਸੇ ਤੋਂ,ਨਾਮ ਅਜੀਤ ਜੀ,
ਹੋਣਾ ਨਹੀਂ ਜਿੱਤ ਕਿਸੇ ਤੋਂ , ਨਾਮ ਅਜੀਤ ਜੀ,
ਲਿਖਿਆ ਇਤਿਹਾਸ ਅਨੋਖਾ, ਗੋਬਿੰਦ ਦੇ ਬੀਰ ਨੇ,
ਸਾਕਾ ਸ਼ਹਾਦਤ ਵਾਲ਼ਾ, ਲਿਖਿਆ ਰਣਬੀਰ ਨੇ,
ਗਾਇਆ ਰਲ਼ ਪ੍ਰਿੰਸ ਖੁੱਭ ਕੇ -2, ਨਾਲ਼ ਪ੍ਰੀਤ ਜੀ ,
ਹੋਣਾ ਨਹੀਂ ਜਿੱਤ ਕਿਸੇ ਤੋਂ,ਨਾਮ ਅਜੀਤ ਜੀ,
ਹੋਣਾ ਨਹੀਂ ਜਿੱਤ ਕਿਸੇ ਤੋਂ,ਨਾਮ ਅਜੀਤ ਜੀ,